AFFILIATED TO PUNJABI UNIVERSITY, PATIALA

# S.S.D COLLEGE BARNALA

RUN BY S.D. SABHA REGD. BARNALA

Ref. No. 122/SNTC/SSD/24 Dated 17/01/2025.........

## ਸਰਕੂਲਰ

ਸਾਰੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 23 ਜਨਵਰੀ 2025 ਨੂੰ ਨੇਤਾ ਜੀ ਸੁਭਾਸ਼ ਚੰਦਰ ਬੌਸ ਦੀ ਜਯੰਤੀ ਦੇ ਸਬੰਧ ਵਿੱਚ ਇੱਕ ਲੇਖ ਮੁਕਾਬਲਾ ਕਰਵਾਈਆ ਜਾ ਰਿਹਾ ਹੈ। ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਮਿਤੀ 20 ਜਨਵਰੀ 2025 ਤੱਕ ਆਪਣੇ ਨਾਮ **ਪ੍ਰੋ: ਗੁਰਪਿਆਰ ਸਿੰਘ** ਅਤੇ **ਪ੍ਰੋ: ਵੀਰਪਾਲ ਕੌਰ** ਕੋਲ ਦਰਜ ਕਰਵਾ ਦੇਣ।

ਪ੍ਰਿੰਸੀਪਲ

Principal
SSD College
Barnala-148101 (Pb.)


ESSAY WRITING COMPETITION
"NETA JI SUBASH
CHANDER JAYANTI"
GPS Map Camera
Google
Barnala, Punjab, India
9gmm+q74, Sanghera Bypass, Barnala, Punjab 148101, India
Lat 30.384413° Long 75.532979°
23/01/25 10:55 AM GMT +05:30

AFFILIATED TO PUNJABI UNIVERSITY, PATIALA

# S.S.D COLLEGE BARNALA

RUN BY S.D. SABHA REGD. BARNALA

Ref. No. 01/IQAC/SSD/24 Dated 25/1/25

## ਨੇਤਾ ਸੁਭਾਸ਼ ਚੰਦਰ ਬੋਸ ਦੇ ਜਨਮ ਦਿਨ 'ਤੇ ਲੇਖ ਲਿਖਣ ਮੁਕਾਬਲੇ ਦੀ ਰਿਪੋਰਟ

ਕਾਲਜ: [ਐੱਸ ਐੱਸ ਡੀ ਕਾਲਜ ਬਰਨਾਲਾ]

ਤਾਰੀਖ: [23 ਜਨਵਰੀ 2025]

ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਨ ਦੇ ਮੌਕੇ 'ਤੇ ਐੱਸ ਐੱਸ ਡੀ ਕਾਲਜ ਬਰਨਾਲਾ ਵਿਖੇ ਲੇਖ ਲਿਖਣ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦੇ ਇੰਚਾਰਜ ਪ੍ਰੋ. ਗੁਰਪਿਆਰ ਸਿੰਘ ਅਤੇ ਪ੍ਰੋ. ਵੀਰਪਾਲ ਕੌਰ ਸਨ। ਜਿਨ੍ਹਾਂ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਲਗਭਗ 40 ਵਿਦਿਆਰਥੀਆਂ ਨੇ ਭਰਪੂਰ ਉਤਸ਼ਾਹ ਨਾਲ ਭਾਗ ਲਿਆ। ਮੁਕਾਬਲੇ ਦਾ ਮੁੱਖ ਵਿਸ਼ਾ ਸੀ, "ਸੁਭਾਸ਼ ਚੰਦਰ ਬੋਸ ਦੀ ਜ਼ਿੰਦਗੀ ਤੇ ਯੋਗਦਾਨ। ਇਸ ਮੌਕੇ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਰਾਕੇਸ਼ ਜਿੰਦਲ ਨੇ ਸੁਭਾਸ਼ ਚੰਦਰ ਬੋਸ ਦੀ ਵਿਅਕਤੀਗਤ ਜ਼ਿੰਦਗੀ, ਉਨ੍ਹਾਂ ਦੇ ਬੇਮਿਸਾਲ ਸੰਗਰਾਮ ਅਤੇ ਆਜ਼ਾਦ ਹਿੰਦ ਫ਼ੌਜ ਦੇ ਸਥਾਪਨਾ ਸਬੰਧੀ ਵਿਦਿਆਰਥੀਆਂ ਨੂੰ ਪ੍ਰੇਰਕ ਗੱਲਾਂ ਦੱਸੀਆਂ। ਵਿਦਿਆਰਥੀਆਂ ਨੇ ਆਪਣੇ ਲੇਖਾਂ ਵਿੱਚ ਸੁਭਾਸ਼ ਚੰਦਰ ਬੋਸ ਦੇ ਆਦਰਸ਼ਾਂ, ਪ੍ਰੇਰਕ ਜੀਵਨ ਅਤੇ ਉਨ੍ਹਾਂ ਦੇ ਜੀਵਨ ਵਾਲੇ ਭਾਰਤ ਦੀ ਪੜਚੋਲ ਕੀਤੀ ।ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਭਜੋਤ ਕੌਰ ਬੀ ਕਾਮ ਭਾਗ ਤੀਜਾ , ਦੂਜਾ ਸਥਾਨ ਸੋਮਨਾਥ ਬੀ ਏ ਭਾਗ ਪਹਿਲਾ ਅਤੇ ਤੀਜਾ ਸਥਾਨ ਜਸਮੀਨ ਬੇਗਮ ਬੀ ਏ ਭਾਗ ਤੀਜਾ ਅਤੇ ਜਸ਼ਨਪ੍ਰੀਤ ਕੌਰ ਬੀ ਏ ਭਾਗ ਦੂਜਾ ਨੇ ਹਾਸਲ ਕੀਤਾ।

ਅੰਤ ਵਿੱਚ, ਸੋਸ਼ਲ ਸਟੱਡੀ ਦੇ ਮੁਖੀ ਪ੍ਰੋ. ਹਰਪ੍ਰੀਤ ਕੌਰ ਵੱਲੋਂ ਮੁਕਾਬਲੇ ਦੇ ਸਫਲ ਆਯੋਜਨ ਲਈ ਸਾਰੇ ਅਧਿਆਪਕਾਂ, ਵਿਦਿਆਰਥੀਆਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ। ਇਹ ਮੁਕਾਬਲਾ ਵਿਦਿਆਰਥੀਆਂ ਲਈ ਸਿਰਫ਼ ਲਿਖਣ ਸ਼ਕਤੀ ਨੂੰ ਉਭਾਰਨ ਵਾਲਾ ਨਹੀਂ ਸੀ, ਸਗੋਂ ਨੇਤਾ ਜੀ ਦੀ ਸ਼ਖਸੀਅਤ ਅਤੇ ਉਨ੍ਹਾਂ ਦੇ ਯੋਗਦਾਨ ਬਾਰੇ ਜਾਣੂ ਕਰਨ ਦਾ ਮੌਕਾ ਵੀ ਸੀ।

IQAC Coordinator

IQAC Co-ordinator
SSD College, Barnala

Principal

Principal
SSD College
Barnala-148101 (Pb.)

# ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਨ 'ਤੇ ਲੇਖ ਮੁਕਾਬਲੇ ਕਰਵਾਏ

**ਸੁਰਿੰਦਰ ਗੋਇਲ**

ਬਰਨਾਲਾ, 25 ਜਨਵਰੀ




ਸਥਾਨਿਕ ਐੱਸ.ਐੱਸ.ਡੀ ਕਾਲਜ ਵਿੱਚ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਹਾੜੇ ਉੱਪਰ ਲੇਖ ਮੁਕਾਬਲੇ ਕਰਵਾਏ ਗਏ । ਇਸ ਪ੍ਰੋਗਰਾਮ ਦੇ ਇੰਚਾਰਜ ਪ੍ਰੋ: ਵੀਰਪਾਲ ਕੌਰ ਅਤੇ ਪ੍ਰੋ: ਗੁਰਪਿਆਰ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਲਿਖੇ ਗਏ ਲੇਖਾਂ ਵਿੱਚ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜੀਵਨ ਸਬੰਧੀ, ਉਹਨਾਂ ਦੇ ਰਾਜਨੀਤਕ ਸਫਰ ਸਬੰਧੀ, ਕਾਂਗਰਸ ਪਾਰਟੀ ਵਿੱਚ ਸਾਮਲ ਹੋ ਕੇ ਦੇਸ ਦੀ ਆਜਾਦੀ ਸੰਗਰਾਮ ਵਿੱਚ ਕੁੱਦਣ ਬਾਰੇ ਅਤੇ ਫਿਰ ਦੂਸਰੀ ਸੰਸਾਰ ਦੌਰਾਨ ਆਜਾਦ ਹਿੰਦ ਫੌਜ ਦਾ ਗਠਨ ਕਰਕੇ ਅੰਗਰੇਜ਼ਾਂ ਵਿਰੁੱਧ ਕੀਤੇ ਹਥਿਆਰਬੰਦ ਸੰਘਰਸ਼ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।

ਇਹਨਾਂ ਲੇਖ ਮੁਕਾਬਲਿਆਂ ਉਪਰੰਤ ਮੌਕੇ ਸ਼ੋਸ਼ਲ ਸਟੱਡੀ ਦੇ ਮੁਖੀ ਪ੍ਰੋ: ਹਰਪ੍ਰੀਤ ਕੌਰ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਦੇਸ ਭਗਤੀ ਅਤੇ ਆਜਾਦੀ ਦੇ ਪ੍ਰਵਾਨਿਆਂ ਪ੍ਰੇਰਿਤ ਕਰਕੇ ਸੰਗਠਿਤ ਕਰਨ ਦੀ ਕਾਬਲੀਅਤ ਸਮੇਤ ਉਹਨਾਂ ਦੀ ਸਖਸੀਅਤ ਦੇ ਕਈ ਹੋਰ ਪੱਖਾਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਇਸ ਮੌਕੇ ਐੱਸ ਐੱਸ ਡੀ ਕਾਲਜ ਦੇ ਪ੍ਰਿੰਸੀਪਲ ਸ੍ਰੀ ਰਾਕੇਸ਼ ਜਿੰਦਲ ਨੇ ਵਿਦਿਆਰਥੀਆਂ ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜੀਵਨ ਤੋਂ ਦੇਸ ਭਗਤੀ ਦੇ ਜਜਬੇ ਦੀ ਭਾਵਨਾ ਨੂੰ ਗ੍ਰਹਿਣ ਕਰਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਇਹਨਾਂ ਲੇਖ ਮੁਕਾਬਲਿਆਂ ਵਿਚੋਂ ਜੇਤੂ ਰਹੇ ਵਿਦਿਆਰਥੀ ਪ੍ਰਭਜੋਤ ਕੌਰ ਬੀ-ਕਾਮ ਭਾਗ ਤੀਜਾ (ਪਹਿਲਾ ਸਥਾਨ), ਸੋਮਨਾਥ ਬੀ.ਏ ਭਾਗ ਪਹਿਲਾ (ਦੂਜਾ ਸਥਾਨ), ਜਸਮੀਨ ਬੇਗਮ ਬੀ.ਏ ਭਾਗ ਤੀਜਾ (ਤੀਜਾ ਸਥਾਨ), ਜਸ਼ਨਪ੍ਰੀਤ ਕੌਰ ਬੀ.ਏ ਭਾਗ ਦੂਜਾ (ਤੀਜਾ ਸਥਾਨ) ਨੂੰ ਵਧਾਈ ਦਿੱਤੀ ਅਤੇ ਮੁਕਾਬਲੇ ਵਿੱਚ ਸਾਮਲ ਹੋਰ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ।